**ਆਵਾਂਤੀਪੁਰਾ (ਕਸ਼ਮੀਰ):-** ਗੁਰੂ ਜੀ ਸਾਥੀਆਂ ਸਮੇਤ 30 ਕਿ.ਮੀ. ਚਲ ਕੇ ਆਵਾਂਤੀਪੁਰਾ ਪਹੁੰਚ ਗਏ।



ਇਹ ਸ਼ਹਿਰ ਆਵਾਂਤੀ ਵਰਮਨ ਨਾਮ ਦੇ ਹਿੰਦੂ ਰਾਜੇ ਨੇ 855 ਏ.ਡੀ. ਵਿੱਚ ਵਸਾਇਆ ਸੀ

ਇਥੋਂ ਦਾ ਕਮਾਲ ਨਾਮ ਦਾ ਫਕੀਰ ਆਏ-ਗਏ ਦੀ ਸੇਵਾ ਸੰਭਾਲ ਕਰਿਆ ਕਰਦਾ ਸੀ। ਉਸਨੇ ਵਿਚਾਰ-ਵਟਾਂਦਰੇ ਪਿੱਛੋਂ ਗੁਰੂ ਜੀ ਤੋਂ ਪੁਛਿਆ, "ਜੇ ਪ੍ਰਮਾਤਮਾ ਸਾਡੇ ਅੰਦਰ ਹੈ ਤਾ ਉਸ ਦਾ ਨਾਮ ਜਪਣ ਦੀ ਕੀ ਲੋੜ ਹੈ। ਗੁਰੂ ਜੀ ਨੇ ਕਿਹਾ, "ਸ਼ੀਸੇ ਵਿੱਚ ਆਪਣਾ ਮੂੰਹ ਤਾਂ ਹੀ ਦਿੱਸੇਗਾ ਜੇਕਰ ਸ਼ੀਸ਼ਾ ਸਾਫ ਹੋਵੇਗਾ। ਪਹਿਲਾਂ ਸਾਨੂੰ ਸ਼ੀਸ਼ਾ ਸਾਫ ਕਰਨਾ ਪਾਏਗਾ। ਇਸ ਤਰ੍ਹਾਂ ਮਨੁੰਖਾ ਮਨ ਤੋਂ ਜਨਮਾਂ-ਜਨਮਾਂ ਦੀ ਮੈਲ ਪ੍ਰਮਾਤਮਾ ਦੇ ਗੁਣ ਗਾਇਨ ਨਾਲ ਉਤਾਰੀ ਜਾਵੇ ਤਾਂ ਹੀ ਉਸ ਪ੍ਰਭੂ ਦੇ ਦਰਸ਼ਨ ਹੋ ਸਕਨਗੇ। ਉਪ੍ਰੰਤ ਗੁਰੂ ਜੀ ਨੇ ਇਸ ਅਲਾਹੀ ਸ਼ਬਦ ਦਾ ਗਾਇਨ ਕੀਤਾ।


"ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ॥" ਅੰਗ-੪੭੩

ਫਕੀਰ ਕਮਾਲ ਨੂੰ ਜੀਵਨ ਦਾ ਸਾਰਾ ਭੇਤ ਸਮਝ ਆ ਗਿਆ। ਕੁਝ ਕੁ ਦਿਨ ਉਥੇ ਠਹਿਰ ਕ ਗੁਰੂ ਜੀ ਅੱਗੇ ਤੁਰ ਪਏ।



ਗੁਰਦੁਆਰਾ ਗੁਰੂ ਨਾਨਕ ਚਰਣ ਆਸਥਾ, ਆਵਾਂਤੀਪੁਰਾ

**ਸ੍ਰੀਨਗਰ (ਕਸ਼ਮੀਰ):-** ਗੁਰੂ ਜੀ ਸਾਥੀਆਂ ਸਮੇਤ 40 ਕਿ.ਮੀ. ਚਲ ਕੇ ਰਸਤੇ ਵਿੱਚ ਆਉਂਦੇ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਸ੍ਰੀਨਗਰ ਪਹੁੰਚ ਗਏ।



2000 ਸਾਲ ਪਹਿਲਾਂ ਇਸ ਸ਼ਹਿਰ ਨੂੰ ਪਰਵਾਸੇਨਪੁਰ, ਸੁਰੀਯਾਨਗਰ, ਸੀਰੀਨਗਰ ਆਦਿ ਨਵਾਂ ਨਾਲ ਪੁਕਾਰਿਆ ਜਾਂਦਾ ਸੀ।

ਆਪਣੇ ਨੇਮ ਅਨੁਸਾਰ ਡਲ ਝੀਲ ਦੇ ਕੰਢੇ ਪਹਾੜੀ ਦੀ ਚੋਟੀ ਤੇ ਸ਼ਕਰਾਚਾਰੀਆਂ ਮੰਦਿਰ ਦੇ ਕੋਲ ਜਾ ਕੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ। ਕੀਰਤਨ ਸਰਵਨ ਕਰਨ ਲਈ ਉਥੇ ਯਾਤਰੀ ਵੀ ਆ ਬੈਠੇ।
ਉਸ ਵੇਲੇ ਗੁਰੂ ਜੀ ਇਸ ਅਲਾਹੀ ਸ਼ਬਦ ਦਾ ਗਾਇਨ ਕਰ ਰਹੇ ਸਨ।


"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥
ਸ੍ਰੀ ਰਾਮ ਨਾਮਾ ਉਚਰੁ ਮਨਾ ॥ਆਗੈ ਜਮ ਦਲੁ ਬਿਖਮੁ ਘਨਾ ॥੧॥ਰਹਾਉ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੫੫)

'ਇਹ ਸ੍ਰੀਰ, ਜਿਸ ਨੂੰ ਮਨੁੱਖ ਆਪਣਾ ਕਹਿੰਦਾ ਹੈ ਇਸ ਦੇ ਅੰਦਰ ਪੰਜ ਚੋਰ ਬੈਠੇ ਹੋਏ ਹਨ ਜਿਹੜੇ ਹਰ-ਰੋਜ ਉਸ ਨੂੰ ਲੁਟ ਰਹੇ ਹਨ ਪ੍ਰੰਤੂ ਮਨੁੱਖ ਆਪਣੀ ਲਾਪਰਵਾਹੀ ਨਾਲ ਸੌਂ ਰਿਹਾ ਹੈ। ਇਹ ਪੰਜੇ ਬੁਰਾਈਆਂ (**ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ**) ਉਸ ਦੀ ਬਰਬਾਦੀ ਦਾ ਕਾਰਨ ਬਣ ਰਹੀਆਂ ਹਨ।

ਇਹ ਸੁਣ ਕੇ ਇਕ ਬਜੁਰਗ ਪੁੱਛਣ ਲੱਗਾ, "ਗੁਰੂ ਜੀ ਤੁਸੀਂ ਹੀ ਦੱਸੋ ਕਿ ਇਨ੍ਹਾਂ ਚੋਰਾਂ ਕੋਲੋਂ ਛੁਟਕਾਰਾ ਕਿਸ ਤਰੀਕੇ ਨਾਲ ਹੋ ਸਕਦਾ ਹੈ।" ਗੁਰੂ ਜੀ ਕਹਿਣ ਲੱਗੇ, "ਆਪਣੇ ਅੰਦਰ ਬੈਠੀ ਜੀਵ-ਆਤਮਾ ਨੂੰ ਜਗਾਉ। ਜਿਹੜੀ ਕਿ ਪ੍ਰਮਾਤਮਾ ਦਾ ਇਕ ਹਿੱਸਾ ਹੈ ਅਤੇ ਰੋਮ-ਰੋਮ ਵਿੱਚ ਰਮੇਂ ਹੋਏ ਪ੍ਰਮਾਤਮਾਂ ਨੂੰ ਯਾਦ ਕਰੋ। ਜਿਸ ਨਾਲ ਆਤਮਾ ਨੂੰ ਸ਼ਕਤੀ ਮਿਲਦੀ ਹੈ ਅਤੇ ਉਹ ਇਨ੍ਹਾਂ ਪੰਜਾਂ ਬੁਰਾਈਆਂ ਦਾ ਸਾਹਮਣਾ ਕਰਨ ਲਈ ਮਹਾਂ ਸ਼ਕਤੀ ਬਣ ਜਾਂਦੀ ਹੈ।" ਇਸ ਤਰਾਂ ਸਭਨਾਂ ਨੇ ਇਸ ਸਿਧਾਂਤ ਨੂੰ ਮੰਨ ਲਿਆ ਤੇ ਪ੍ਰਭੂ ਦੀ ਆਰਾਧਨਾ ਆਰੰਭ ਕਰ ਦਿੱਤੀ। ਗੁਰੂ ਜੀ ਕੁਝ ਦਿਨ ਰੁਕਨ ਉਪ੍ਰੰਤ ਉਥੋਂ ਅੱਗੇ ਤੁਰ ਪਏ।




ਗੁਰਦੁਆਰਾ ਸਾਹਿਬ, ਸ੍ਰੀਨਗਰ (ਕਸ਼ਮੀਰ)



ਡਲ ਝੀਲ

**ਹਰੀ ਪ੍ਰਬੱਤ (ਕਸ਼ਮੀਰ):-** ਗੁਰੂ ਜੀ ਸਾਥੀਆਂ ਸਮੇਤ 05 ਕਿ.ਮੀ. ਚਲ ਕੇ ਹਰੀ ਪ੍ਰਬੱਤ ਉਪਰ ਜਾ ਡੇਰਾ ਲਾਇਆ। ਉਸ ਸਮੇਂ ਇਸ ਪਰਬਤ ਦੇ ਪੈਰਾਂ ਵਿੱਚ ਵਧੇਰੇ ਕਰਕੇ ਪੰਡਿਤ ਲੋਕ ਹੀ ਵੱਸੇ ਹੋਏ ਸਨ।



ਗੁਰੂ ਜੀ ਨੇ ਪੰਡਿਤਾਂ ਨਾਲ ਸੰਵਾਦ ਰਚਾਉਂਦਿਆਂ ਇਹ ਅਲਾਹੀ ਸ਼ਬਦ ਉਚਾਰਿਆ।

"ਸਹੰਸਰ ਦਾਨ ਦੇ ਇੰਦੁ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ॥ ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥ ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੫੩)

**ਸਾਰਾ ਸੰਸਾਰ ਦੁਖੀ ਹੈ, ਕੇਵਲ ਉਹੀ ਮਨੁੱਖ ਸੁਖੀ ਅਤੇ ਜੇਤੂ ਹੈ, ਜੋ ਪ੍ਰਭੂ ਦਾ ਸਿਮਰਨ ਕਰਦਾ ਹੈ।**

ਇਹ ਸ਼ਬਦ ਉਨ੍ਹਾਂ ਵਾਸਤੇ ਸੀ ਜੋ ਹਰ ਵੇਲੇ ਨਾਂਹ ਵਾਚਕ ਸੋਚਦੇ ਹਨ ਕਿ ਪ੍ਰਮਾਤਮਾ ਦੀ ਹੋਂਦ ਹੀ ਨਹੀਂ ਹੈ। ਜੋ ਪ੍ਰਾਣੀ ਪ੍ਰਮਾਤਮਾ ਦੀ ਅਰਾਧਨਾ ਕਰਦੇ ਹਨ ਉਨ੍ਹਾਂ ਪ੍ਰਤੀ ਇਹ ਅਲਾਹੀ ਸ਼ਬਦ ਉਚਾਰਨ ਕੀਤਾ:-

"ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੦੩

ਇਸ ਸ਼ਬਦ ਦੇ ਅਰਥ ਸਭ ਨੂੰ ਭਲੀ ਭਾਂਤ ਸਮਝ ਆ ਗਏ।

ਜਦੋਂ ਗੁਰੁਦੇਵ ਜੀ ਤੋਂ ਬ੍ਰੈਹਿਮੰਡ ਦੀ ਹੋਂਦ, ਸੰਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਹ ਅਲਾਹੀ ਸ਼ਬਦ ਉਚਾਰਿਆ:-

ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੨੭੯

ਬ੍ਰੈਹਿਮੰਡ ਦੀ ਉੱਤਪਤੀ ਤੋਂ ਪਹਿਲਾਂ ਦੀ ਸਥਿਤੀ ਬਾਰੇ ਪੁੱਛਣ ਤੇ ਉਨ੍ਹਾਂ ਇਹ ਧੁਰ ਕੀ ਬਾਣੀ ਕਹਿ ਸੁਣਾਈ:-

"ਮਾਰੂ ਮਹਲਾ ੧॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥"......... "ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥" ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥" .......... "ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥"......... "ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੮॥" .........."ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥" "ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥"......... "ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥"........."ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੦੩੫

ਇਨ੍ਹਾਂ ਅਲਾਹੀ ਸ਼ਬਦਾਂ ਦੇ ਭਾਵ ਅਰਥ ਸੁਣਕੇ ਸਾਰੇ ਪੰਡਿਤ ਧੰਨ ਧੰਨ ਹੋ ਗਏ ਅਤੇ ਗੁਰੂ ਜੀ ਦੇ ਸੰਪੂਰਨ ਸ਼ਰਧਾਲੂ ਬਣ ਗਏ। ਉਹ ਸਾਰੇ ਨਾਨਕ ਪੰਥੀ ਅਖਵਾਉਣ ਲੱਗੇ। **ਗੁਰੂ ਜੀ ਕੁਝ ਦਿਨ ਠਹਿਰ ਕੇ ਹਰੀ ਪ੍ਰਬੱਤ ਤੋਂ ਚਲ ਕੇ ਸਾਥੀਆਂ ਸਮੇਤ ਹਰੀ ਬਨ ਵਿੱਚ ਜਾ ਬਿਰਾਜੇ।**



**ਗੁਰਦੁਆਰਾ ਸਾਹਿਬ, ਹਰੀ ਪ੍ਰਬੱਤ**

ਨੋਟ:-(1) ਸ੍ਰੀ ਨਗਰ ਅਤੇ ਹਰੀ ਪ੍ਰਬੱਤ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1515 ਈ: ਵਿੱਚ ਮੰਨੂੰ ਸਮਾਜ ਅਤੇ ਬ੍ਰਾਹਮਣਵਾਦ ਦੀ ਸਮਾਪਤੀ ਦਾ ਡੰਕਾ ਵਜਾ ਦਿੱਤਾ।

(2) ਮੁਗਲ ਬਾਦਸ਼ਾਹ ਅਕਬਰ ਦਾ ਜਰਨੈਲ, ਅੱਤਾ ਖਾਂ, ਜਦੋਂ ਹਰੀ ਪ੍ਰਬੱਤ ਉੱਪਰ ਕਿਲੇ ਦੀ ਉਸਾਰੀ ਕਰ ਰਿਹਾ ਸੀ ਤਾਂ ਉਸ ਨੇ ਸਭ ਤੋਂ ਪਹਿਲਾਂ ਉਸ ਥਾਂ ਤੇ ਇਕ ਚਬੂਤਰਾ (ਥੜਾ ਸਾਹਿਬ) ਬਣਵਾਇਆ ਜਿਸ ਥਾਂ ਉੱਪਰ ਬੈਠ ਕੇ ਗੁਰੂ ਜੀ ਸਤਿਸੰਗ ਕਰਿਆ ਕਰਦੇ ਸਨ।

(3) ਜਦੋਂ ਮੁਗਲ ਬਾਦਸ਼ਾਹ ਜਹਾਂ ਗੀਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਹਰੀ ਪ੍ਰਬੱਤ ਤੇ ਪਧਾਰੇ ਤਾਂ ਉਨ੍ਹਾਂ ਨੇ ਉਸੇ ਥੜੇ ਉੱਪਰ ਗੁਰੂਦੁਆਰੇ ਦੀ ਉਸਾਰੀ ਕਰਵਾਈ। ਇਸ ਗੁਰਦੁਆਰੇ ਦੀ ਸਾਂਭ ਸੰਭਾਲ ਉਥੋਂ ਦੇ ਪੰਡਿਤ (ਨਾਨਕ ਪੰਥੀ) ਕਰਨ ਲੱਗੇ। ਇਸ ਗੁਰਦੁਆਰੇ ਵਿੱਚ ਭਾਈ ਬੰਨੂੰ ਜੀ ਦੇ ਹੱਥ ਲਿਖਤ ਆਦਿ ਗ੍ਰੰਥ ਦੀ ਸਥਾਪਨਾ ਕੀਤੀ ਗਈ। ਬਾਦਸ਼ਾਹ ਜਹਾਂਗੀਰ ਨੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬੜੇ ਅਦਬ ਸਤਿਕਾਰ ਨਾਲ ਸਰਵਨ ਕੀਤਾ। ਇਸ ਦੇ ਫਲਸਰੂਪ ਉਸ ਨੇ ਚਾਰ ਪਿੰਡਾਂ ਦੀ ਜਗੀਰ ਗੁਰਦੁਆਰੇ ਦੀ ਸਾਂਭ ਸੰਭਾਲ ਵਾਸਤੇ ਗੁਰਦੁਆਰਾ ਸਾਹਿਬ ਦੇ ਨਾਮ ਲਗਵਾ ਦਿੱਤੀ। ਇਹ ਪਿੰਡ ਹਨ:- ਫੱਕ ਇਲਾਕੇ ਵਿੱਚ 'ਜਾਦੂਰਾਂ', ਤਲਾਰ ਵਿੱਚ 'ਗੁਲਾਬ ਵਾਗ'; ਮੀਰਬੇਗੀ ਵਿੱਚ 'ਗੁਰੁਪੁਰਾ'; ਤਹਿਸੀਲ ਕੁਲਗਾਓਂ ਵਿੱਚ 'ਕੋਦਰੰਗ'।

(4) ਰਾਜਾ ਗੁਲਾਬ ਸਿੰਘ ਨੇ, ਜੋ ਖਾਲਸਾ ਰਾਜ ਦਾ ਗੱਦਾਰ ਸੀ। ਉਸ ਨੇ ਅੰਗ੍ਰੇਜ਼ਾਂ ਪਾਸੋਂ ਕਸ਼ਮੀਰ ਦਾ ਇਲਾਕਾ ਖਰੀਦ ਲਿਆ। ਉਸ ਨੇ ਗੁਰਦੁਆਰਾ ਸਾਹਿਬ ਢਾਹ ਦਿੱਤਾ ਅਤੇ ਸਾਰੀ ਜਾਗੀਰ ਵੀ ਵਾਪਸ ਲੈ ਲਈ। ਪ੍ਰੰਤੂ ਉਸ ਦੇ ਪੁੱਤਰ ਨੇ ਰਾਜ ਭਾਗ ਸੰਭਾਲਨ ਉਪ੍ਰੰਤ ਗੁਰਦੁਆਰਾ ਦੁਬਾਰਾ ਬਣਵਾ ਕੇ ਜਗੀਰ ਵੀ ਵਾਪਸ ਗੁਰਦੁਆਰਾ ਸਾਹਿਬ ਦੇ ਨਾਮ ਕਰ ਦਿੱਤੀ। ਨਵਾਂ ਗੁਰਦੁਆਰਾ ਮੰਦਰ ਦੀ ਸ਼ਕਲ ਦਾ ਬਣਵਾਇਆ। ਪੁਰਾਤਨ ਗੁਰੂ ਗ੍ਰੰਥ ਸਾਹਿਬ ਜੀ ਬਿਰਧ ਹੋਣ ਜਾਣ ਕਰਕੇ **'ਨਵੀਂ ਬੀੜ ਸਾਹਿਬ'** ਦੀ ਸਥਾਪਨਾ ਕੀਤੀ ਗਈ। ਜਿਸ ਦੀ ਸਾਂਭ ਸੰਭਾਲ ਵੀ ਉਥੋਂ ਦੇ ਨਾਨਕ ਪੰਥੀ ਘੋਨ ਮੋਨ ਪੰਡਿਤ ਹੀ ਕਰਨ ਲੱਗੇ।

**ਬਾਰਾਮੂਲਾ (ਕਸ਼ਮੀਰ):-** ਗੁਰੂ ਜੀ ਸਾਥੀਆਂ ਸਮੇਤ ਸ੍ਰੀ ਨਗਰ ਤੋਂ 80 ਕਿ. ਮੀ. ਚਲ ਕੇ **ਨਰਬਲ, ਹਾਬਕ, ਤਾਂਗੂ ਕੁਸ਼ਲਪੋਰਾ, ਪੱਤਨ, ਬੋਚੂ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਬਾਰਾਮੂਲਾ ਪਹੁੰਚ ਕੇ ਇਕ ਪਾਠਸਾਲਾ ਦੇ ਕੋਲ ਆ ਬੈਠੇ। ਇਸ ਪਾਠਸ਼ਾਲਾ ਵਿੱਚ ਵਿਦਿਆਰਥੀਆਂ ਨੂੰ ਵੇਦਾਂ ਸ਼ਾਸਤਰਾਂ ਦਾ ਅਭਿਆਸ ਕਰਾਇਆ ਜਾਂਦਾ ਸੀ।



2306 B.C. ਵਿੱਚ ਰਾਜਾ ਭੀਮਸਿਨਾ ਵੱਲੋਂ ਵਸਾਇਆ ਅਜੋਕਾ ਸ਼ਹਿਰ, ਬਾਰਾਮੂਲਾ

ਪੜਾਈ ਵਿੱਚ ਤਰੁਟੀਆਂ ਦੂਰ ਕਰਨ ਲਈ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।

"ਦੀਵਾ ਬਲੈ ਅੰਧੇਰਾ ਜਾਇ ॥ਬੇਦ ਪਾਠ ਮਤਿ ਪਾਪਾ ਖਾਇ ॥ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ਬੇਦ ਪਾਠ ਸੰਸਾਰ ਕੀ ਕਾਰ ॥
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ਬਿਨੁ ਬੂਝੇ ਸਭ ਹੋਇ ਖੁਆਰ ॥ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥" ਅੰਗ-੭੯੧

ਇਸ ਸ਼ਬਦ ਦੇ ਭਾਵ ਅਰਥ ਜਾਣ ਕੇ ਅਧਿਆਪਕ (ਪੰਡਿਤ) ਜੀ ਕਹਿਣ ਲੱਗੇ, "ਅਸੀਂ ਪੁਰਾਣੇ ਸਮਿਆਂ ਤੋਂ ਸਿਖਾਉਂਦੇ ਚਲੇ ਆ ਰਹੇ ਹਾਂ ਜੱਦ ਕਿ ਤੁਸੀਂ ਇਸ ਗਿਆਨ ਵਿਧੀ ਦਾ ਖੰਡਣ ਕਰ ਰਹੇ ਹੋ। ਗੁਰੂ ਜੀ ਨੇ ਕਿਹਾ, "ਮੈਂ ਨਾ ਤਾਂ ਇਸ ਦਾ ਖੰਡਨ ਕਰ ਰਿਹਾ ਹਾਂ ਅਤੇ ਨਾ ਹੀ ਇਸ ਦੇ ਉਲਟ ਹਾਂ। ਮੈ ਤਾਂ ਅਸਲੀ ਗਿਆਨ ਅਤੇ ਵਿਧੀ ਦੀ ਗੱਲ ਕਰ ਰਿਹਾ ਹਾਂ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਦਾ ਚਾਲ ਚਲਣ ਨਿਰਮਲ ਭਾਵ ਪ੍ਰਕਾਸ਼ਮਾਨ ਹੋ ਜਾਂਦਾ ਹੈ। ਪ੍ਰੰਤੂ ਇਸ ਤਰ੍ਹਾਂ ਦੇ ਕਿਤਾਬੀ ਗਿਆਨ ਵਿੱਚ ਕੇਵਲ ਹੰਕਾਰ ਹੀ ਵਧੇਗਾ ਜਿਹੜਾ ਕਿ ਮਨੁੱਖ ਨੂੰ ਬਰਬਾਦੀ ਵੱਲ ਲੈ ਜਾਂਦਾ ਹੈ। ਇਹ ਸੁਣ ਕੇ ਪੰਡਤ ਗੁਰੂ ਜੀ ਦੇ ਪੈਰੀਂ ਪੈ ਗਏ ਅਤੇ ਅੱਗੇ ਤੋਂ ਅਸਲੀ ਗਿਆਨ ਵੰਡਣ ਦਾ ਵਚਨ ਦਿੱਤਾ। ਗੁਰੂ ਜੀ ਉੱਥੋਂ ਅਗਲੀ ਯਾਤਰਾ ਲਈ ਤੁਰ ਪਏ।



ਗੁਰਦੁਆਰਾ ਸਾਹਿਬ ਜੀ, ਕੋਟੀਤੀਰਥ ਸਾਹਿਬ, ਬਾਰਾਮੂਲਾ (ਜੰਮੂ ਕਸ਼ਮੀਰ)

## ਉੜੀ (ਕਸ਼ਮੀਰ):-

ਗੁਰੂ ਜੀ ਸਾਥੀਆਂ ਸਮੇਤ ਸ੍ਰੀ ਨਗਰ ਤੋਂ 60 ਕਿ.ਮੀ. ਚਲ ਕੇ ਪ੍ਰਿੰਗਲ ਤੇ ਹੋਰ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਉੜੀ ਪਹੁੰਚ ਕੇ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਖਿਆ ਅਤੇ ਇਸ ਅਲਾਹੀ ਸ਼ਬਦ ਦਾ ਗਾਇਨ ਕਰਨ ਲੱਗੇ।



**8ਵੀਂ ਸਦੀ ਈਸਵੀਂ ਵਿੱਚ ਵਸਿਆਂ ਸ਼ਹਿਰ, ਉੜੀ**

"ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥੨॥

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥

ਤੇਰੇ ਗੁਣ ਬਹੁਤੇ ਮੈ ਏਕੁ ਨਾ ਜਾਨਿਆ ਮੈ ਮੂਰਖ ਕਿਛੁ ਦੀਜੈ ॥ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ , ਅੰਗ-੫੯੬)

ਗੁਰੂ ਜੀ ਕੀਰਤਨ ਵਿੱਚ ਲੀਨ ਸਨ ਕਿ ਉਸ ਵਕਤ ਸਾਧੂ ਭੇਸ ਵਿੱਚ ਕੁਝ ਕਸ਼ਮੀਰੀ ਮਨੁੱਖ ਆ ਬੈਠੇ ਉਨ੍ਹਾਂ ਨੇ ਗੁਰੂ ਜੀ ਕੋਲੋਂ ਪੁੱਛਿਆ "ਆਪ ਸ਼ਹਿਰ ਦੇ ਬਾਹਰ, ਸੁਨਸਾਨ ਥਾਂ ਤੇ ਕਿਉਂ ਬੈਠੇ ਹੋ? ਇੱਥੇ ਤੁਹਾਨੂੰ ਕੀ ਫਾਇਦਾ ਹੈ? ਇੱਥੇ ਤਾਂ ਤੁਹਾਨੂੰ ਕੋਈ ਅੰਨ ਪਾਣੀ ਵੀ ਨਹੀਂ ਪੁੱਛੇਗਾ।" ਗੁਰੂ ਜੀ ਨੇ ਕਿਹਾ, "ਪ੍ਰਮਾਤਮਾ-ਉੱਪਰ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਉਹ ਆਪ ਸਭ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਇਸ ਲਈ ਕਿਸੇ ਗੱਲ ਦੀ ਚਿੰਤਾ ਨਾ ਕਰੋ? ਉਨ੍ਹਾਂ ਨਕਲੀ ਸਾਧੂਆਂ ਨੇ ਜਲਦੀ ਹੀ ਆਪਣਾ ਅਸਲੀ ਨਿਸ਼ਾਨਾ ਗੁਰੂ ਜੀ ਨੂੰ ਦੱਸਿਆ ਕਿ ਉਨ੍ਹਾਂ ਦਾ ਕੰਮ ਯਾਤਰੀਆਂ ਕੋਲੋਂ ਪੈਸੇ ਬਟੋਰਨਾ ਹੈ। ਉਨ੍ਹਾਂ ਦੀ ਇਸ ਨੀਚ ਰੁਚੀ ਨੂੰ ਦੇਖਕੇ ਗੁਰੂ ਜੀ ਨੇ ਉਨ੍ਹਾਂ ਨੂੰ ਇਹ ਅਲਾਹੀ ਬਚਨ ਸੁਣਾਏ:-

"ਗਿਆਨ ਵਿਹੂਣਾ ਗਾਵੈ ਗੀਤ ॥ਭੁਖੇ ਮੁਲਾਂ ਘਰੇ ਮਸੀਤਿ ॥ਮਖਟੂ ਹੋਇ ਕੈ ਕੰਨ ਪੜਾਏ ॥

ਫਕਰੁ ਕਰੇ ਹੋਰੁ ਜਾਤਿ ਗਵਾਏ ॥ਗੁਰੁ ਪੀਰੁ ਸਦਾਏ ਮੰਗਣ ਜਾਇ ॥ਤਾ ਕੈ ਮੂਲਿ ਨ ਲਗੀਐ ਪਾਇ ॥

ਘਾਲਿ ਖਾਇ ਕਿਛੁ ਹਥਹੁ ਦੇਇ ॥ਨਾਨਕ ਰਾਹੁ ਪਛਾਣਹਿ ਸੇਇ ॥੧॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,ਅੰਗ-੧੨੪੫)

ਗੁਰੂ ਜੀ ਦੇ ਇਹ ਬਚਨ ਸੁਣਕੇ ਉਹ ਪੁੱਛਣ ਲੱਗੇ, "ਕੀ ਤੁਸੀਂ ਭੀਖ ਨਹੀ ਮੰਗਦੇ"? ਗੁਰੂ ਜੀ ਨੇ ਕਿਹਾ, "ਸਾਧੂ-ਸੰਤ ਦਾ ਅਸਲੀ ਮਕਸਦ ਸੰਸਾਰ ਨੂੰ ਸੱਚਾ ਰਸਤਾ ਦਿਖਾਉਣਾ ਹੈ ਨਾ ਕਿ ਆਪਣੀ ਉਪਜੀਵਕਾ ਲਈ ਧਨ ਇਕੱਠਾ ਕਰਨਾ। ਹਾਂ ! ਜੇ ਕੋਈ ਸ਼ਰਦਾਲੂ ਆਪਣੀ ਖੁਸ਼ੀ ਨਾਲ ਸੇਵਾ-ਭਾਵ ਨਾਲ ਖਾਣ ਪੀਣ ਲਈ ਭੇਟਾ ਕਰਦਾ ਹੈ ਤਾਂ ਉਹ ਪ੍ਰਵਾਨ ਕਰ ਲੈਂਦੇ ਹਾਂ ਅਤੇ ਮਾਇਆ ਧਰਮ-ਅਰਥ ਕੰਮਾਂ ਲਈ ਖਰਚ ਕਰ ਦਿੰਦੇ ਹਾਂ। ਪਰ ਤੁਹਾਡੇ ਵਾਂਗ ਪੱਲੇ ਨਹੀਂ ਬੰਨਦੇ। ਇਹ ਸੁਣਕੇ ਬਨਾਵਟੀ ਸਾਧੂ ਅਤੀ ਪ੍ਰਭਾਵਤ ਹੋਏ ਅਤੇ ਉਨ੍ਹਾਂ ਨੇ ਆਪਣਾ ਭੇਖੀ ਸੁਭਾ ਤਿਆਗ ਦਿੱਤਾ। ਅਸਲ ਜੀਵਨ ਜਿਉਂਣ ਦਾ ਪ੍ਰਣ ਕੀਤਾ।

ਗੁਰੂ ਜੀ ਨੇ ਕੁਝ ਦਿਨ ਉੱਥੇ ਰੁਕਨ ਉਪ੍ਰੰਤ ਆਪਣੀ ਅਗਲੀ ਯਾਤਰਾ ਆਰੰਭ ਕੀਤੀ।



**ਗੁਰੂ ਨਾਨਕ ਦਰਬਾਰ, ਉੜੀ**

**ਮੁਜ਼ੱਫਰਾਬਾਦ (ਕਸ਼ਮੀਰ):–** ਗੁਰੂ ਜੀ ਸਾਥੀਆਂ ਸਮੇਤ 70 ਕਿ.ਮੀ. ਚਲ ਕੇ ਰਸਤੇ ਵਿੱਚ ਆਉਂਦੇ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਮੁਜ਼ੱਫਰਾਬਾਦ ਪਹੁੰਚ ਗਏ। ਉੱਥੋਂ ਦੇ ਲੋਕ ਅਧਿਆਤਮਿਕ ਬਿਰਤੀ ਵਾਲੇ ਹੋਣ ਕਰਕੇ ਅਲਾਹੀ ਕੀਰਤਨ ਸਰਵਨ ਕਰਨ ਲਈ ਗੁਰੂ ਜੀ ਦੇ ਕੋਲ ਆਣ ਬੈਠੇ। ਗੁਰੂ ਜੀ ਉਨ੍ਹਾਂ ਤੇ ਅਤਿ ਪ੍ਰਸੰਨ ਹੋਏ ਅਤੇ ਫੁਰਮਾਇਆ ਕੇ ਉਹ ਸਾਰੇ ਸੱਚ ਦੇ ਮਾਰਗ ਤੇ ਚਲ ਰਹੇ ਹਨ।



ਫਿਰ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਗਾਇਨ ਕੀਤਾ।

"ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ਵਿਣੁ ਭੈ ਪਇਐ ਭਗਤਿ ਨ ਹੋਈ ॥ ਅੰਗ-੮੩੧)

ਪ੍ਰਮਾਤਮਾ ਕਿਤੇ ਦੂਰ ਨਹੀਂ ਰਹਿੰਦਾ, ਬੱਸ ਇਸ ਰਾਜ਼ ਨੂੰ ਸਮਝਣਾ ਅਤੇ ਸਮਝਾਉਣਾ ਹੀ ਸੰਗਤ ਕਰਨ ਦਾ ਪਹਿਲਾ ਉਦੇਸ਼ ਹੈ। ਇਸ ਦੀ ਪ੍ਰਾਪਤੀ ਲਈ ਪਹਿਲਾ ਕੰਮ ਮਨ ਵਿੱਚ ਉਸ ਪਰਮ ਸ਼ਕਤੀ (ਪ੍ਰਮਾਤਮਾ) ਦਾ ਡਰ ਪੈਦਾ ਕਰਨਾ ਹੈ।

ਇਹ ਸੁਣ ਕੇ ਸਾਰੇ ਸਰੋਤੇ ਅਤਿ ਪ੍ਰਸੰਨ ਹੋਏ ਅਤੇ ਗੁਰੂ ਜੀ ਦਾ ਧੰਨਵਾਦ ਕੀਤਾ।



**ਸੇਵਾ ਸੰਭਾਲ ਦੀ ਉਡੀਕ ਵਿੱਚ, ਗੁਰਦੁਆਰਾ ਸਾਹਿਬ, ਮੁਜ਼ੱਫਰਾਬਾਦ**



**ਦੂਸਰੀ ਸਦੀ ਬੀ.ਸੀ. ਵਿੱਚ ਵੱਸਿਆ ਸ਼ਹਿਰ, ਹਸਨ ਅਬਦਾਲ (ਸ੍ਰੀ ਪੰਜਾ ਸਾਹਿਬ)**

**ਹਸਨ ਅਬਦਾਲ (ਸ੍ਰੀ ਪੰਜਾ ਸਾਹਿਬ, ਪਾਕਿਸਤਾਨ):-** ਗੁਰੂ ਜੀ ਸਾਥੀਆਂ ਸਮੇਤ 130 ਕਿ. ਮੀ. ਚੱਲ ਕੇ **ਮਾਨਸਹੇਰਾ, ਅਡਬੋਟਾ, ਹਵੇਲੀਆਂ, ਹਰੀਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਹਸਨ ਅਬਦਾਲ ਪਹੁੰਚ ਗਏ ਇਕ ਛੋਟੀ ਪਹਾੜੀ ਦੇ ਪੈਰਾਂ ਵਿੱਚ ਡੇਰਾ ਲਾ ਕੇ ਇਸ ਸ਼ਬਦ ਦਾ ਅਲਾਹੀ ਕੀਰਤਨ ਆਰੰਭ ਦਿੱਤਾ।

"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥

ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ ॥੧॥ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥

ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥੧॥" ਰਹਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੫੯)

ਨਿਤਾ ਪ੍ਰਤੀ ਗੁਰੂ ਜੀ ਦੇ ਅਲਾਹੀ ਬਚਨ ਸਰਵਨ ਕਰਨ ਲਈ ਸੰਗਤ ਹੁੰਮ-ਹੁਮਾ ਕੇ ਆਉਣ ਲੱਗੀ।

ਉਸ ਛੋਟੀ ਪਹਾੜੀ ਉੱਪਰ ਇਕ ਅੱਲਾ ਦਾ ਪਿਆਰਾ ਪਹਿਲਾਂ ਤੋਂ ਹੀ ਡੇਰਾ ਜਮਾਈ ਬੈਠਾ ਸੀ। ਉਸ ਦਾ ਪਿਛੋਕੜ ਕੰਧਾਰ ਨਾਲ ਜੁੜਿਆ ਹੋਣ ਕਾਰਨ ਉਸ ਨੂੰ **ਵਲੀ ਕੰਧਾਰੀ** ਕਿਹਾ ਜਾਂਦਾ ਸੀ।


ਉਸ ਪਹਾੜੀ ਦੇ ਉੱਪਰ ਇਕ ਕੁਦਰਤੀ ਜਲ ਸਰੋਤ (ਚਸ਼ਮਾ) ਸੀ। ਚਸ਼ਮੇ ਦੀ ਸੰਭਾਲ ਤੇ ਮਾਲਕੀ ਵਲੀਕੰਧਾਰੀ ਕੋਲ ਸੀ। ਜਿਸ ਦਾ ਵਾਧੂ ਜਲ ਹੇਠਾਂ ਵੱਲ ਨੂੰ ਵਹਿੰਦਾ ਸੀ। ਸਾਰੇ ਨਗਰ ਵਾਸੀ ਉਸੇ ਜਲ ਨੂੰ ਵਰਤ ਕੇ ਆਪਣੀਆਂ ਨਿਤਾ ਪ੍ਰਤੀ ਦੀਆਂ ਲੋੜਾਂ ਪੂਰੀਆਂ ਕਰਦੇ ਸਨ।

ਨਗਰ ਵਾਸੀ ਗੁਰੂ ਜੀ ਦੇ ਅਲਾਹੀ ਬਚਨ ਸੁਣ ਕੇ ਨਿਹਾਲ ਹੋ ਜਾਂਦੇ। ਵਲੀਕੰਧਾਰੀ ਕੋਲ ਕੋਈ ਨਾ ਜਾਂਦਾ। ਵਲੀਕੰਧਾਰੀ ਨੇ ਈਰਖਾ ਵੱਸ ਪਹਾੜੀ ਉੱਪਰੋਂ ਹੇਠਾਂ ਨੂੰ ਆਉਣ ਵਾਲੇ ਵਾਧੂ ਪਾਣੀ ਨੂੰ ਉੱਪਰ ਹੀ ਰੋਕ ਲਿਆ। ਇਸ ਤਰ੍ਹਾਂ ਜਨਤਾ ਪਾਣੀ ਤੋਂ ਬਿਨਾਂ ਤ੍ਰਾਹ ਤ੍ਰਾਹ ਕਰਨ ਲੱਗੀ।

ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ, ਵਲੀਕੰਧਾਰੀ ਪਾਸ ਜਾ ਕੇ ਪਾਣੀ ਨਾ ਰੋਕਣ ਦੀ ਬੇਨਤੀ ਕਰਨ ਲਈ ਭੇਜਿਆ। ਭਾਈ ਜੀ ਨੇ ਪਹਾੜੀ ਉੱਪਰ ਜਾ ਕੇ ਗੁਰੂਦੇਵ ਜੀ ਦਾ ਸੰਦੇਸ਼ ਦਿੱਤਾ। ਪ੍ਰੰਤੂ ਵਲੀ ਕੰਧਾਰੀ ਨਾ ਮੰਨਿਆ। ਭਾਈ ਮਰਦਾਨਾ ਜੀ ਗੁਰੂ ਜੀ ਦੇ ਕਹਿਣ ਤੇ ਤਿੰਨ ਵਾਰ ਪਹਾੜੀ ਉੱਪਰ ਗਏ ਪ੍ਰੰਤੂ ਵਲੀਕੰਧਾਰੀ ਤੇ ਕੋਈ ਅਸਰ ਨਾ ਹੋਇਆ।

ਉਧਰ ਲੋਕ ਪਾਣੀ ਖੁਣੋਂ ਵਿਆਕੁਲ ਹੋ ਰਹੇ ਸਨ ਤਾਂ ਗੁਰੂ ਜੀ ਨੇ ਸੰਗਤ ਨੂੰ ਇਕ ਪੱਥਰ ਹਟਾਉਣ ਲਈ ਕਿਹਾ। ਸੰਗਤਾਂ ਨੇ ਰਲ ਕੇ ਪੱਥਰ ਹਟਾਇਆ ਤਾਂ ਉੱਥੋਂ ਜਲ ਨਿਕਲਨਾ ਸ਼ੁਰੂ ਹੋ ਗਿਆ। ਜਿਸ ਸਦਕਾ ਸਾਰੇ ਲੋਕ ਸੰਤੁਸ਼ਟ ਹੋ ਗਏ ਅਤੇ ਆਪਣੀਆਂ ਲੋੜਾਂ ਪੂਰੀਆਂ ਕਰਨ ਲੱਗੇ।

ਪਹਾੜੀ ਹੇਠੋਂ ਜਲ ਨਿਕਲਣ ਦੀ ਦੇਰ ਸੀ ਕਿ ਪਹਾੜੀ ਉਪਰਲਾ ਜਲ ਮੁੱਕਣਾ ਸ਼ੁਰੂ ਹੋ ਗਿਆ। ਪਹਾੜੀ ਉਪਰਲਾ ਜਲ ਸ੍ਰੋਤ ਵੀ ਬੰਦ ਹੋ ਗਿਆ ਇਹ ਵੇਖ ਕੇ ਵਲੀ ਕੰਧਾਰੀ ਨੂੰ ਗੁੱਸਾ ਆਉਣਾ ਸੁਭਾਵਕ ਸੀ। ਉਸ ਨੂੰ ਹੋਰ ਕੁਝ ਨਹੀਂ ਸੁਝਿਆ, ਉਸ ਨੇ ਇਕ ਵੱਡਾ ਸਾਰਾ ਪੱਥਰ ਪਹਾੜੀ ਉੱਪਰੋਂ ਗੁਰੂ ਜੀ ਵੱਲ ਨੂੰ ਰੇੜ੍ਹ ਦਿੱਤਾ ਕਿ ਉਹ ਪੱਥਰ ਹੇਠਾਂ ਦੱਬੇ ਜਾਣਗੇ। ਪੱਥਰ ਨੇੜੇ ਆਉਂਦਾ ਵੇਖ ਸੰਗਤ ਨੇ ਗੁਰੂ ਜੀ ਨੂੰ ਸੁਚੇਤ ਕੀਤਾ ਤਾਂ ਗੁਰੂ ਜੀ ਨੇ ਆਪਣਾ ਹੱਥ ਪੱਥਰ ਨੂੰ ਰੋਕਣ ਵਾਸਤੇ ਵਧਾਇਆ ਤਾਂ ਗੁਰੂ ਜੀ ਦਾ ਪੰਜਾ ਉਸ ਪੱਥਰ ਵਿੱਚ ਉੱਕਰ ਗਿਆ। ਉਹ ਪੱਥਰ ਉਸ ਪੱਥਰ ਦੇ ਉੱਪਰ ਹੀ ਟਿਕ ਗਿਆ। ਜਿਸ ਪੱਥਰ ਹੇਠੋਂ ਪਹਿਲਾਂ ਹੀ ਜਲ ਕਢਿਆ ਗਿਆ ਸੀ।



ਗੁਰੂ ਸਾਹਿਬ ਜੀ, ਆਪਣੇ ਉਪਰ ਡਿਗਦੇ ਪੱਥਰ ਨੂੰ ਸੱਜੇ ਹੱਥ ਨਾਲ ਰੋਕਦੇ ਹੋਏ


ਇਹ ਦੇਖ ਕੇ ਵਲੀ ਕੰਧਾਰੀ ਸੋਚਣ ਲਈ ਮਜਬੂਰ ਹੋ ਗਿਆ ਕਿ ਉਸ ਕੋਲੋਂ ਜ਼ਰੂਰ ਕੋਈ ਭੁੱਲ ਹੋ ਗਈ ਹੈ ਜਿਸ ਕਰਕੇ ਉਸ ਦਾ ਚਸ਼ਮਾ ਸੁੱਕ ਗਿਆ ਹੈ। ਉਹ ਭੁੱਲ ਬਖਸ਼ਾਉਣ ਲਈ ਹੇਠਾਂ ਆ ਕੇ ਗੁਰੂ ਜੀ ਦੇ ਚਰਨੀ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਅੱਲਾ ਦੀ ਇਬਾਦਤ ਕਰਦੇ ਹੋ, ਪ੍ਰੰਤੂ ਜਨਤਾ, ਜੋ ਉਸ ਅੱਲਾ ਦੀ ਪੈਦਾ ਕੀਤੀ ਹੋਈ ਹੈ, ਉਸ ਨੂੰ ਪਾਣੀ ਦੀ ਘੁੱਟ ਵੀ ਨਹੀਂ ਦਿੰਦੇ ਹੋ। ਫੱਕਰਾਂ ਨੂੰ ਇਹ ਗੱਲ ਸੋਭਾ ਨਹੀਂ ਦਿੰਦੀ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੰਦਿਆ ਆਖਿਆ, **"ਆਪਣੇ ਬਾਕੀ ਬਚੇ ਜੀਵਨ ਵਿੱਚ ਖਾਲਕ ਨੂੰ ਉਸ ਦੀ ਬਨਾਈ ਹੋਈ ਖਲਕਤ ਵਿੱਚੋਂ ਲੱਭੋ।** ਇਬਾਦਤ ਦੇ ਨਾਲ ਨਾਲ ਸੇਵਾ ਵੀ ਕਰੋ।" ਇਹ ਉਪਦੇਸ਼ ਸੁਣ ਕੇ ਵਲੀ ਕੰਧਾਰੀ ਸ਼ਾਂਤ ਹੋ ਗਿਆ।

ਇਤਿਹਾਸ ਗਵਾਹ ਹੈ ਕਿ ਉਸ ਵੱਡੇ ਪੱਥਰ ਹੇਠੋਂ ਜਲ (ਪਾਣੀ) ਵਹਿੰਦਿਆਂ (ਨਿਕਲਦਿਆਂ) ਸਦੀਆਂ ਬੀਤ ਗਈਆਂ ਹਨ। ਅੱਜ ਵੀ ਨਿਰੰਤਰ, ਉਸੇ ਤਰਾਂ ਜਲ ਵਹਿ ਰਿਹਾ ਹੈ। ਇਕ ਛੋਟਾ ਸਰੋਵਰ ਬਣਾਇਆ ਹੋਇਆ ਹੈ। ਸੰਗਤਾਂ ਉਸ ਵਿੱਚ ਇਸ਼ਨਾਨ ਕਰਦੀਆਂ ਅਤੇ ਗੁਰੂ ਜੀ ਦੀ ਕਿਰਪਾ ਨੂੰ ਯਾਦ ਕਰਦਿਆਂ ਨਾਲ ਹੀ ਉਸਾਰੇ ਗੁਰਦੁਆਰਾ ਸਾਹਿਬ ਵਿੱਚ ਅਪਾਰ ਸ਼ਰਧਾ ਨਾਲ ਮੱਥਾ ਟੇਕਦੀਆਂ ਹਨ। ਗੁਰੂ ਜੀ ਉੱਥੇ ਬਹੁਤ ਦਿਨ ਸੰਗਤ ਨੂੰ ਉਪਦੇਸ਼ ਕਰਦੇ ਰਹੇ।



**ਗੁਰਦੁਆਰਾ ਸ੍ਰੀ ਪੰਜਾ ਸਾਹਿਬ ਜੀ, ਹਸਨ ਅਬਦਾਲ**

**ਰਾਵਲਪਿੰਡੀ/ਇਸਲਾਮਾਬਾਦ (ਪਾਕਿਸਤਾਨ):-** ਗੁਰੂ ਜੀ ਸਾਥੀਆਂ ਸਮੇਤ 70 ਕਿ.ਮੀ. ਚੱਲ ਕੇ **ਕਾਦਿਰ, ਵਾਹ, ਨਵਾਬਾਬਾਦ, ਚਕਰਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਰਾਵਲਪਿੰਡੀ ਪਹੁੰਚ ਗਏ। ਗੁਰੂ ਜੀ ਸ਼ਹਿਰ ਦੇ ਬਾਹਰ ਹੀ ਮੁੱਖ ਸੜਕ ਤੇ ਇਕ ਦਰਖਤ ਦੇ ਹੇਠਾਂ ਕੀਰਤਨ ਕਰਨ ਬੈਠ ਗਏ ਤਾਂ ਆਉਣ ਜਾਣ ਵਾਲੇ ਲੋਕ ਵੀ ਕੀਰਤਨ ਦਾ ਅਨੰਦ ਮਾਨਣ ਲੱਗੇ। ਲੋਕ ਕੀਰਤਨ ਦੀ ਮਸਤੀ ਵਿੱਚ ਅੱਗੇ ਜਾਣਾ ਹੀ ਭੁੱਲ ਗਏ। ਇਕ ਸੇਠ ਵੀ ਆਪਣੇ ਟਾਗੇ ਤੋਂ ਉੱਤਰ ਕੇ ਗੁਰੂ ਜੀ ਕੋਲ ਆ ਬੈਠਾ।


**8ਵੀਂ ਸਦੀ ਈਸਵੀ ਤੋਂ ਵੀ ਪਹਿਲਾਂ ਰਾਵਲ ਰਾਜਪੂਤ ਘਰਾਣੇ ਦਾ ਵਸਾਇਆ ਸ਼ਹਿਰ**

ਕੀਰਤਨ ਦੀ ਸਮਾਪਤੀ ਤੇ ਉਸ ਨੇ ਕਿਹਾ, "ਮੈਂ ਕਸ਼ਮੀਰ ਦੀ ਸੈਰ ਤੋਂ ਵਾਪਸ ਆ ਰਿਹਾ ਹਾਂ। ਉਥੇ ਮੈਂ ਜਿੱਥੇ ਜਿੱਥੇ ਵੀ ਗਿਆ, ਉਥੇ ਹਰ ਘਰ ਵਿੱਚ ਆਪ ਜੀ ਦੇ ਕੀਰਤਨ ਦਾ ਜੱਸ ਸੁਣਦਾ ਰਿਹਾ ਹਾਂ। ਇਸ ਲਈ ਮੇਰੇ ਮਨ ਵਿੱਚ ਤੁਹਾਡੇ ਦਰਸ਼ਨਾਂ ਦੀ ਤਾਂਘ ਬਣੀ ਹੋਈ ਸੀ। ਹੁਣ ਮੈਂ ਆਪਣੇ ਆਪ ਨੂੰ ਭਾਗਾਂਵਾਲਾ ਮੰਨਦਾ ਹਾਂ ਕਿ ਮੈਨੂੰ ਤੁਹਾਡੇ ਦਰਸ਼ਨ ਨਸੀਬ ਹੋ ਗਏ ਹਨ। ਮੇਰੀ ਬੇਨਤੀ ਹੈ ਕਿ ਤੁਸੀਂ ਮੇਰੇ ਘਰ ਚਰਨ ਪਾਓ ਅਤੇ ਮੈਨੂੰ ਸੇਵਾ ਦਾ ਮੌਕਾ ਦਿਓ। ਗੁਰੂ ਜੀ ਉਸ ਦੇ ਘਰ ਆ ਗਏ। ਦਰਸ਼ਨ ਕਰਨ ਵਾਲੇ ਲੋਕਾਂ ਦਾ ਤਾਂਤਾ ਲੱਗ ਗਿਆ। ਸੇਠ ਨੇ ਵੇਹੜੇ ਵਿੱਚ ਇਕ ਉੱਚਾ ਥੜਾ ਬਣਾ ਕੇ ਆਸਣ ਲਗਵਾ ਦਿੱਤਾ। ਜਿੱਥੇ ਗੁਰੂ ਜੀ ਬੈਠ ਕੇ ਅਲਾਹੀ ਕੀਰਤਨ ਕਰਿਆ ਕਰਦੇ। ਇਕ ਅਲਾਹੀ ਸ਼ਬਦ ਇਸ ਤਰ੍ਹਾਂ ਹੈ:-

"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੬੮)

ਕੀਰਤਨ ਦੀ ਸਮਾਪਤੀ ਤੇ ਗੁਰੂ ਜੀ ਨੇ ਕਿਹਾ ਹੇ ਭਗਤ ਜਨੋ, ਮਨੁੱਖ ਨੂੰ ਆਪਣੇ ਚਾਲ ਚਲਣ ਨੂੰ ਉੱਤਮ ਬਨਾਉਣਾ ਅਤੇ ਸੱਚ ਦੇ ਰਸਤੇ ਤੇ ਚੱਲਣਾ ਚਾਹੀਦਾ ਹੈ। ਇਸ ਨਾਲ ਸਭ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਹੱਲ ਆਪਣੇ ਆਪ ਹੀ ਹੋ ਜਾਂਦਾ ਹੈ।


**ਸੇਵਾ ਸੰਭਾਲ ਦੀ ਉਡੀਕ ਵਿੱਚ ਗੁਰਦੁਆਰਾ ਸਾਹਿਬ, ਰਾਵਲਪਿੰਡੀ**

ਪ੍ਰਮਾਤਮਾ ਆਪ ਸੱਚ ਹੈ ਜੋ ਸੱਚੇ ਰਸਤੇ ਤੇ ਚਲਣ ਵਾਲਿਆਂ ਦੇ ਨਾਲ ਨਾਲ ਚਲਦਾ ਹੈ।

ਸੇਠ ਨੇ ਭੋਜਨ ਵਿੱਚ ਬਹੁਤ ਸਵਾਦੀ ਖਾਣੇ ਪਰੋਸੇ, ਜਿਸ ਤੇ ਗੁਰੂ ਜੀ ਨੇ ਇਹ ਅਲਾਹੀ ਫੁਰਮਾਣ ਸੁਣਾਇਆ:-

"ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ , ਅੰਗ-੧੬)


ਭੋਜਨ ਕੇਵਲ ਸਰੀਰ ਨੂੰ ਕਾਇਮ ਰੱਖਣ ਵਾਸਤੇ ਹੀ ਕਰਨਾ ਚਾਹੀਦਾ ਨਾ ਕਿ ਐਸਾ ਭੋਜਨ ਖਾਉ ਜਿਸ ਦੇ ਖਾਣ ਨਾਲ ਮਨ ਵਿੱਚ ਬੁਰਾਈਆਂ ਤੇ ਵਾਸ਼ਨਾਵਾਂ ਪੈਦਾ ਹੋ ਜਾਣ। ਸਵੱਛ ਭੋਜਨ ਹੀ ਮਨੁੱਖ ਨੂੰ ਲੰਬੀ ਉੱਮਰ ਦਿੰਦਾ ਅਤੇ ਤੰਦਰੁਸਤ ਰੱਖਦਾ ਹੈ। ਸਿਰਫ ਜੀਭ ਦੇ ਸਵਾਦਾਂ ਦੇ ਚੱਕਰ ਵਿੱਚ ਪੈ ਕੇ ਭੋਜਨ ਕਰਨ ਲਈ ਜੀਓਗੇ ਤਾਂ ਆਪਣਾ ਅਨਮੋਲ ਜੀਵਨ ਬਰਬਾਦ ਕਰ ਲਵੋਗੇ। **ਭੋਜਨ ਜਿਉਂਦੇ ਰਹਿਣ ਲਈ ਹੀ ਕਰਨਾ ਚਾਹੀਦਾ ਹੈ।**

ਸੰਗਤ ਨੇ ਗੁਰੂ ਜੀ ਨੂੰ ਬਹੁਤ ਕੀਮਤੀ ਕਪੜੇ ਭੇਟਾ ਕੀਤੇ ਜਿਸ ਨੂੰ ਦੇਖ ਕੇ ਗੁਰੂ ਜੀ ਇਹ ਅਲਾਹੀ ਬਚਨ ਕਹਿ ਉੱਠੇ:-

"ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ , ਅੰਗ-੧੬)

**ਗੁਰੂ ਜੀ ਨੇ ਪ੍ਰਵਚਨਾਂ ਵਿੱਚ ਕਿਹਾ:-** ਹੇ ਸੱਚੇ ਪੁਰਸ਼ੋ। ਸਾਨੂੰ ਆਪਣੇ ਕਪੜਿਆਂ ਦਾ ਧਿਆਨ ਜਰੂਰ ਰੱਖਣਾ ਚਾਹੀਦਾ ਹੈ। ਪ੍ਰੰਤੂ ਐਸਾ ਨਾ ਹੋਵੇ ਕਿ ਅਸੀਂ ਅਜਿਹੇ ਕਪੜੇ ਪਾ ਲਈਏ ਜਿਸ ਨਾਲ ਮਨ ਵਿੱਚ ਬੁਰਾਈਆਂ ਪੈਦਾ ਹੋ ਜਾਣ ਅਤੇ ਮਨ ਇਕਾਗਰ ਹੋਣ ਦੀ ਥਾਂ ਵਿਲਾਸੀ ਰੁਚੀ ਵਾਲਾ ਹੋ ਜਾਵੇ। ਇਹ ਵਿਚਾਰ ਸੁਣ ਕੇ ਸਾਰੇ ਸਤਿਸੰਗੀਆਂ ਨੇ ਪ੍ਰਣ ਕਰ ਲਿਆ ਕਿ ਉਹ ਅੱਗੇ ਤੋਂ ਗੁਰੂ ਜੀ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨਗੇ।

**ਜੇਹਲਮ (ਪਾਕਿਸਤਾਨ):-** ਗੁਰੂ ਜੀ ਸਾਥੀਆਂ ਸਮੇਤ 115 ਕਿ. ਮੀ. ਚਲ ਕੇ **ਰਾਵਤ, ਮੰਦਰਾ, ਗੁਜਰਖਾਨ, ਸੋਹਾਵਾ, ਦੀਨਾ, ਛੱਟਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਜੇਹਲਮ ਪਹੁੰਚੇ। ਇਕ **ਛੋਟੀ ਪਹਾੜੀ** ਉਪਰ ਇਕ ਯੋਗੀ ਬਾਲਕ ਨਾਥ ਦਾ ਆਸ਼ਰਮ ਹੈ। ਲੋਕ ਉਸ ਨੂੰ ਬਾਲ ਗੁਦਾਈ ਦੇ ਨਾਂ ਨਾਲ ਪੁਕਾਰਦੇ ਹਨ। ਜਿਉਂ ਹੀ ਉਸ ਨੂੰ ਪਤਾ ਲਗਾ ਕਿ ਗੁਰੂ ਜੀ ਨੇੜੇ ਹੀ ਅਲਾਹੀ ਕੀਰਤਨ ਕਰ ਰਹੇ ਹਨ। ਉਹ ਆਪ ਚੱਲ ਕੇ ਗੁਰੂ ਜੀ ਕੋਲ ਜਾ ਕੇ ਬੇਨਤੀ ਕਰ ਕੇ ਉਨ੍ਹਾਂ ਨੂੰ ਅਪਣੇ ਆਸ਼ਰਮ ਵਿੱਚ ਲੈ ਆਇਆ ਅਤੇ ਆਪਣੇ ਹੱਥੀਂ ਉਨ੍ਹਾਂ ਦੀ ਸੇਵਾ ਵਿੱਚ ਲੱਗ ਗਿਆ। ਬਾਲ ਗੁਦਾਈ ਨੂੰ ਉਪਦੇਸ਼ ਕਰਦਿਆਂ ਗੁਰੂ ਜੀ ਨੇ ਕਿਹਾ, **"ਆਪਣੀ ਸੁਰਤ ਨਿਰਾਕਰ ਪਾਰਬ੍ਰਹਮ-ਪ੍ਰਮੇਸ਼ਵਰ ਨਾਲ ਜੋੜਨ ਨਾਲ ਹੀ ਤੁਹਾਡਾ ਧਿਆਨ ਇਕਾਗਰ ਹੋਵੇਗਾ।"**



ਦਰਿਆ ਚਨਾਬ (ਆਸਕੀਨੀ) ਦੇ ਕੰਢੇ ਚੌਥੀ ਸਦੀ ਬੀ.ਸੀ. ਵਿੱਚ ਵੱਸੇ ਸ਼ਹਿਰ ਦਾ ਪਹਿਲਾਂ ਨਾਮ ਵਿਤਾਸਤਾ ਸੀ

ਇਸ ਸਬੰਧ ਵਿੱਚ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਵੀ ਅਲਾਪਿਆ।

"ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥
ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪ੍ਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥" ਅੰਗ-੮੭੮)


ਅਧਿਆਤਮਿਕ ਤਾ ਦੀ ਪਹਿਲੀ ਸੰਥਿਆ ਲੈਕੇ ਬਾਲ ਗੁਦਾਈ ਸੰਤੁਸ਼ਟ ਹੋ ਗਿਆ ਅਤੇ ਹੱਠ ਯੋਗ ਛੱਡ ਕੇ ਸਾਧਾਰਨ ਜੀਵਨ ਜਿਊਂਣ ਦਾ ਫੈਸਲਾ ਕਰ ਲਿਆ ਸੇਵਾ ਤੇ ਸਿਮਰਨ ਵਿੱਚ ਜੁੱਟ ਗਿਆ।

**ਰੋਹਤਾਸ (ਪਾਕਿਸਤਾਨ):–** ਗੁਰੂ ਜੀ ਸਾਥੀਆਂ ਸਮੇਤ 25 ਕਿ.ਮੀ. ਚਲ ਕੇ ਰੋਹਤਾਸ ਨਗਰ ਪਹੁੰਚੇ। ਪਿੰਡ ਦੇ ਉਤਰਵਾਲੇ ਪਾਸੇ ਇੱਕ ਰੱਬ ਦਾ ਪਿਆਰਾ ਗੁਰੂ ਜੀ ਦੀ ਉਡੀਕ ਵਿੱਚ ਬੈਠਾ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਗਦ ਗਦ ਗਦ ਹੋ ਗਿਆ। ਉਥੇ ਦੇ ਲੋਕਾਂ ਦੀ ਬੇਨਤੀ ਕਰਨ ਤੇ ਗੁਰੂ ਜੀ ਨੇ ਉਥੇ ਪਾਣੀ ਦਾ ਸੋਮਾ ਪ੍ਰਗਟ ਕੀਤਾ। ਜੋ ਅੱਜ ਵੀ ਨਿਰੰਤਰ ਚੱਲ ਰਿਹਾ ਹੈ। ਮਹਾਂਰਾਜਾ ਰਣਜੀਤ ਸਿੰਘ ਨੇ



ਗੁਰੂ ਜੀ ਰੋਹਤਾਸ ਦੀ ਸੰਗਤ ਨੂੰ ਉਪਦੇਸ਼ ਕਰਦਿਆਂ

ਇਹ ਅਸਥਾਨ ਬਣਵਾਇਆ ਅਤੇ 260 ਰੁਪਏ ਜਗੀਰ ਵੀ ਇਸ ਦੇ ਨਾਮ ਲਗਾਈ। ਇਹ ਅਸਥਾਨ **UNESCO World Heritage** ਦੇ ਅਧੀਨ ਹੈ। ਵਿਦੇਸ਼ੀ ਸਿੱਖਾਂ ਨੇ ਗੁਰਦੁਆਰਾ ਸਾਹਿਬ ਦਾ ਦੁਬਾਰਾ ਨਿਮਾਣ ਕਰਵਾਇਆ ਹੈ। **ਇਸ ਦਾ ਨਾਮ ਚੋਆ ਸਾਹਿਬ ਪ੍ਰਸਿੱਧ ਹੈ।**



ਗੁਰਦੁਆਰਾ ਚੋਆ ਸਾਹਿਬ, ਰੋਹਤਾਸ

**ਗੁਜਰਾਤ (ਪਾਕਿਸਤਾਨ):–** ਗੁਰੂ ਜੀ ਸਾਥੀਆਂ ਸਮੇਤ 70 ਕਿ. ਮੀ. ਚਲ ਕੇ **ਮਹੇ, ਕੜਿਆਲ, ਮਲਿਕਪੁਰ, ਲਾਲਾਮੂਸਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗੁਜਰਾਤ ਪਹੁੰਚ ਗਏ। ਉੱਥੇ 'ਜੈ ਸੁੱਖ' ਨਾਮ ਦਾ ਸਾਧੂ ਲੋਕਾਂ ਨੂੰ ਚਮਤਕਾਰ ਵਿਖਾਕੇ ਕਈ ਵਾਰ ਸਭ ਨੂੰ ਭਸਮ ਕਰਨ ਦੀ ਧਮਕੀ ਦੇ ਕੇ ਡਰਾਇਆ ਕਰਦਾ ਸੀ। ਉਸਨੇ ਗੁਰੂ ਜੀ ਨੂੰ ਵੀ ਚਮਤਕਾਰ ਦਿਖਾਉਣ ਲਈ ਆਖਿਆ। ਗੁਰੂ ਜੀ ਨੇ ਉਸ ਦਾ ਹੰਕਾਰ ਤੋੜਨ ਲਈ ਇਹ ਅਲਾਹੀ ਬਾਣੀ ਉਚਾਰਨ ਕੀਤੀ।



ਚੌਥੀ ਸਦੀ ਬੀ.ਸੀ.ਈ. ਵਿੱਚ ਵੱਸਿਆ ਸ਼ਹਿਰ, ਗੁਜਰਾਤ

"ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥
ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥ਰਹਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ–੧੧੫੩)

ਜਦੋਂ ਤਪੱਸਵੀ ਦੇ ਮਨ ਵਿੱਚ ਆਪਣੀ ਸਾਧਨਾ ਦਾ ਹੰਕਾਰ ਆ ਜਾਵੇ ਤਾਂ ਸਮਝ ਲੈਣਾ ਚਾਹੀਦਾ ਕਿ ਪ੍ਰਮਾਤਮਾ ਉਸ ਤੋਂ ਖੁਸ਼ ਨਹੀਂ ਹੈ ਕਿਉਂਕਿ ਪ੍ਰਭੂ ਤਪੱਸਵੀ ਦਾ ਇਮਤਿਹਾਨ ਲੈਣ ਲਈ ਉਸ ਨੂੰ ਹੰਕਾਰ ਰੂਪੀ ਰੋਗ ਦਿੰਦਾ ਹੈ। ਜਦੋਂ ਤੱਕ ਤਪੱਸਵੀ ਆਪਣੇ ਮਨ ਵਿੱਚੋਂ ਹੰਕਾਰ ਖਤਮ ਨਹੀਂ ਕਰ ਦਿੰਦਾ ਤਦ ਤੱਕ ਪ੍ਰਭੂ ਮਿਲਨ ਵਿੱਚ ਅੜਿੱਕਾ ਪਿਆ ਰਹਿੰਦਾ ਹੈ।

ਜੈ ਸੁੱਖ,ਉਪਦੇਸ਼ਾਂ ਦੀ ਚੋਟ ਲੱਗਣ ਨਾਲ ਗੁਰੂ ਜੀ ਦੇ ਚਰਣੀ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਕਿਹਾ, "ਆਤਮ- ਬਲ ਦਾ ਬਿਨਾ ਕਾਰਨ ਇਸਤੇਮਾਲ ਕਰਨ ਨਾਲ ਅਧਿਆਤਮਿਕ ਉੱਨਤੀ ਰੁਕ ਜਾਂਦੀ ਹੈ।"

ਜੈ ਸੁਖ ਨੇ ਅੱਗੇ ਤੋਂ ਆਤਮ ਬਲ ਨਿਰਾਰਥਕ ਕੰਮਾਂ ਲਈ ਵਰਤਣਾ ਬੰਦ ਕਰ ਦਿੱਤਾ।


ਗੁਰਦੁਆਰਾ ਸਾਹਿਬ ਜੀ, ਗੁਜਰਾਤ (ਪਾਕਿਸਤਾਨ)

**ਸਿਆਲ ਕੋਟ (ਪਾਕਿਸਤਾਨ):-** ਗੁਰੂ ਜੀ ਸਾਥੀਆਂ ਸਮੇਤ 70 ਕਿ. ਮੀ. ਚਲ ਕੇ **ਵਜ਼ੀਰਾਬਾਦ** ਅਤੇ ਹੋਰ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਸਿਆਲ ਕੋਟ ਪਹੁੰਚ ਕੇ ਪੱਤਾ ਲੱਗਾ ਕਿ ਲੋਕ ਟੱਬਰਾਂ ਸਮੇਤ ਹੋਰ ਸ਼ਹਿਰਾਂ ਵੱਲ ਜਾ ਰਹੇ ਸਨ। ਕਿਉਕਿ ਇਕ ਫਕੀਰ **'ਹਮਜਾ ਗੌਂਸ'** ਸਾਰੇ ਸ਼ਹਿਰ ਨੂੰ ਤਬਾਹ ਕਰਨ ਲਈ ਚਲੀਹਾ (40 ਦਿਨ ਦਾ ਸਿਮਰਨ) ਕਰ ਰਿਹਾ ਸੀ। ਭਾਵ ਉਸ ਦੀ ਤਪਸਿਆ ਪੂਰੀ ਹੋਣ ਤੇ ਸਾਰਾ ਸ਼ਹਿਰ ਨਸ਼ਟ ਹੋ ਜਾਣਾ ਸੀ।


5000 ਸਾਲ ਪੁਰਾਣਾ ਅਤੇ ਰਾਜਾ ਸਲਵਾਨ ਦਾ ਸ਼ਹਿਰ, ਸਿਆਲ ਕੋਟ

ਗੁਰੂ ਜੀ ਨੇ ਉਸ ਦੀ ਤਪੱਸਿਆ ਭੰਗ ਕਰਨ ਲਈ ਭਾਈ ਮਰਦਾਨੇ ਰਾਹੀਂ ਉਸ ਫਕੀਰ ਨੂੰ ਆਪਣੇ ਕੋਲ ਬੁਲਾ ਭੇਜਿਆ। ਮਰਦਾਨਾ ਜੀ ਤਿੰਨ ਵਾਰ ਗਏ। ਪ੍ਰੰਤੂ ਉਸ ਫਕੀਰ ਦੇ ਦਰ ਅੱਗੇ ਬੈਠੇ ਉਸ ਦੇ ਚੇਲਿਆਂ ਨੇ ਮਰਦਾਨਾ ਜੀ ਨੂੰ ਫਕੀਰ ਹਮਜਾ ਗੌਂਸ ਤੱਕ ਨਹੀਂ ਜਾਣ ਦਿੱਤਾ।

ਏਨੇ ਵਿੱਚ ਕੁਦਰਤ ਵਲੋਂ ਜ਼ੋਰ ਦਾ ਝੱਖੜ, ਮੀਂਹ ਅਤੇ ਹਨੇਰੀ ਨਾਲ ਫਕੀਰ ਦੀ ਝੌਂਪੜੀ ਦੀ ਛੱਤ ਉੱਡ ਗਈ। ਇਸ ਤਰਾਂ ਹਮਜ਼ਾ ਗੌਂਸ ਦੀ ਤਪੱਸਿਆ (**ਚਲੀਹਾ**) ਭੰਗ ਹੋ ਗਈ।

ਉਹ ਛਟਪਟਾਉਂਦਾ ਹੋਇਆ ਬਾਹਰ ਨਿਕਲਿਆ ਤਾਂ ਚੇਲਿਆਂ ਨੇ ਸਾਰਾ ਕੁਝ ਦੱਸ ਦਿੱਤਾ। ਹਮਜਾ ਗੌਂਸ ਆਪ ਹੀ ਗੁਰੂ ਜੀ ਪਾਸ ਹਾਜ਼ਰ ਹੋ ਗਿਆ। ਗੁਰੂ ਜੀ ਨੇ ਉਸ ਫਕੀਰ ਨੂੰ ਕਿਹਾ ਕਿ ਰੱਬ ਦੇ ਬੰਦਿਆਂ ਦਾ ਕੰਮ ਲੋਕਾਂ ਨੂੰ ਸੁੱਖ ਦੇਣਾ ਹੁੰਦਾ ਹੈ ਨਾ ਕਿ ਬਰਬਾਦ ਕਰਨਾ। ਕਿਉਂ ਜੋ ਤੇਰੇ ਸਮੇਤ ਸਾਰੀ ਸ੍ਰਿਸ਼ਟੀ ਉਸ ਅੱਲਾ ਦੀ ਬਣਾਈ ਹੋਈ ਹੈ। ਲੋਕਾਂ ਨੂੰ ਦੁੱਖ ਦੇਣ ਨਾਲ ਅੱਲਾ ਨਾਰਾਜ਼ ਹੋ ਜਾਂਦਾ ਹੈ। ਹਮਜ਼ਾ ਗੌਂਸ, ਕੋਈ ਤਸੱਲੀ ਬਖਸ਼ ਉੱਤਰ ਨਾ ਔੜ੍ਹਦਾ ਦੇਖ ਕੇ ਆਖਣ ਲੱਗਾ ਕਿ ਇਹ ਸਾਰਾ ਸ਼ਹਿਰ ਬੇਈਮਾਨਾਂ ਤੇ ਝੂਠਿਆਂ ਦਾ ਸ਼ਹਿਰ ਹੈ।

ਹਮਜ਼ਾ ਗੌਂਸ ਆਪਣਾ ਪੱਲਾ ਛੁਡਾਉਣ ਲਈ ਗੁਰੂ ਜੀ ਨੂੰ ਦੱਸਣ ਲੱਗਾ, "ਇੱਥੋਂ ਦੇ ਇਕ ਸੇਠ, **ਗੀਗਾ ਖਤਰੀ** ਨੇ ਪੁੱਤਰ ਦੀ ਦਾਤ ਮੰਗੀ ਸੀ। ਅੱਲਾ ਦੀ ਮਿਹਰ ਸਦਕਾ ਉਸ ਦੇ ਘਰ ਦੋ ਪੁੱਤਰ ਪੈਦਾ ਹੋਏ ਉਨ੍ਹਾਂ ਵਿੱਚੋਂ ਇਕ ਪੁੱਤਰ ਉਸ ਨੇ ਮੈਨੂੰ ਦੇਣ ਦਾ ਵਾਅਦਾ ਕੀਤਾ ਸੀ। ਪਰ ਉਹ ਮੁੱਕਰ ਗਿਆ। ਗੁੱਸੇ ਵਿੱਚ ਆ ਕੇ ਮੈਂ ਸਾਰੇ ਸ਼ਹਿਰ ਨੂੰ ਤਬਾਹ ਕਰਨ ਲਈ ਚਲੀਏ ਤੇ ਬੈਠ ਗਿਆ।"

ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਇਹ ਉਸ ਦੀ ਮਾਂ ਦੀ ਮਾਮਤਾ ਕਾਰਨ ਹੋਇਆ ਹੈ। ਪੀਰ ਕਹਿਣ ਲੱਗਾ ਕਿ ਇੱਥੇ ਸਾਰੇ ਝੂਠੇ ਤੇ ਬੇਇਮਾਨ ਲੋਕ ਹਨ। ਗੁਰੂ ਜੀ ਨੇ ਉੱਸ ਨੂੰ ਇਕ ਵਾਰ ਫਿਰ ਲੋਕਾਂ ਦੀ ਪਰਖ ਕਰਨ ਲਈ ਰਾਜ਼ਜੀ ਕਰ ਲਿਆ।

ਗੁਰੂ ਜੀ ਨੇ ਉਸ ਦੇ ਸਾਹਮਣੇ ਭਾਈ ਮਰਦਾਨਾ ਜੀ ਨੂੰ **ਦੋ ਪੈਸੇ (ਇਕ ਟਕਾ)** ਦੇ ਕੇ ਕਿਹਾ ਕਿ ਸ਼ਹਿਰ ਵਿੱਚ ਜਾਉ ਅਤੇ ਇਕ ਪੈਸੇ ਦਾ ਸੱਚ ਅਤੇ ਇਕ ਪੈਸੇ ਦਾ ਝੂਠ ਖਰੀਦ ਕੇ ਲਿਆਉ। ਭਾਈ ਸਾਹਬ ਜੀ ਨੇ ਸਾਰੇ ਸ਼ਹਿਰ ਦਾ ਚੱਕਰ ਕੱਟਿਆ ਪ੍ਰੰਤੂ ਅਜਿਹਾ ਦੁਕਾਨਦਾਰ ਕੋਈ ਨਾ ਮਿਲਿਆ ਅੰਤ ਵਿੱਚ **ਇਕ ਦੁਕਾਨਦਾਰ, ਮੂਲ ਚੰਦ ਖੱਤਰੀ** ਨੇ ਇਸ ਰਮਜ਼ ਨੂੰ ਸਮਝ ਕੇ ਭਾਈ ਮਰਦਾਨਾ ਜੀ ਪਾਸੋਂ ਦੋ ਪੈਸੇ ਲੈ ਕੇ ਇਕ ਕਾਗਜ਼ ਤੇ ਇਹ ਲਿੱਖ ਦਿੱਤਾ ਕਿ 'ਮਰਨਾ ਸੱਚ ਅਤੇ ਜਿਉਂਣਾ ਝੂਠ।' ਮਰਦਾਨਾ ਜੀ ਨੇ ਉਹ ਕਾਗਜ਼ ਗੁਰੂ ਜੀ ਨੂੰ ਲਿਆ ਦਿੱਤਾ। ਗੁਰੂ ਜੀ ਨੇ ਹਮਜ਼ਾ ਗੌਂਸ ਨੂੰ ਕਿਹਾ ਕਿ ਵੇਖੋ, **"ਇਸ ਸ਼ਹਿਰ ਵਿੱਚ ਅਜੇ ਵੀ ਰੱਬ ਦੇ ਪਿਆਰੇ ਵਸਦੇ ਹਨ। ਜੋ ਮੌਤ ਨੂੰ ਹਰ ਵੇਲੇ ਯਾਦ ਰੱਖਦੇ ਹਨ।** ਸੰਸਾਰੀ ਪੁਰਸ਼ਾਂ ਦੇ ਕਦੇ ਕਦੇ ਹਾਲਾਤ ਅਜਿਹੇ ਬਣ ਜਾਂਦੇ ਹਨ, ਜਿਸ ਕਰਕੇ ਉਹ ਗਲਤ ਸਾਬਤ ਹੋ ਜਾਂਦੇ ਹਨ। ਇਸ ਪ੍ਰਥਾਏ ਗੁਰੂਦੇਵ ਜੀ ਨੇ ਇਹ ਅਲਾਹੀ ਬਚਨ ਕੀਤੇ।

ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ॥
ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ ਦੂਖ ਸੂਖ ਸਭ ਤਿਸੁ ਰਜਾਇ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1188

**ਹਮਜਾ ਗੌਂਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ,** ਉਹ ਗੁਰੂ ਜੀ ਦੇ ਚਰਨੀ ਢਹਿ ਪਿਆ ਤੇ ਮਾਫ਼ੀ ਮੰਗਣ ਲੱਗਾ ਕਿ ਆਪ ਜੀ ਨੇ ਮੈਨੂੰ ਇਕ ਵੱਡੀ ਭੁੱਲ ਕਰਨ ਤੋਂ ਬਚਾ ਲਿਆ ਹੈ। ਤਦ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ **ਰੱਬ ਦੇ ਬੰਦਿਆਂ ਨੂੰ ਸਵਾਰਥ ਰਹਿਤ ਹੋ ਕੇ ਜਨਤਾ ਦੀ ਸੇਵਾ ਕਰਨੀ ਚਾਹੀਦੀ ਹੈ।**

ਮੂਲ ਚੰਦ, ਗੁਰੂ ਜੀ ਦਾ ਅਨਿੱਨ ਸੇਵਕ ਬਣ ਗਿਆ। ਗੁਰੂ ਜੀ ਵਲੋਂ ਯਾਤਰਾ ਸਮੇਂ ਆਉਦੀਆਂ ਔਕੜਾਂ ਬਾਰੇ ਸਮਝਾਉਣ ਉਪ੍ਰੰਤ ਵੀ ਉਹ ਗੁਰੂ ਜੀ ਦੇ ਨਾਲ ਅਗਲੀ ਯਾਤਰਾ ਤੇ ਤੁਰ ਪਿਆ। ਗੁਰੂ ਜੀ ਇੱਥੇ ਵੀ ਬਹੁਤ ਦਿਨ ਠਹਿਰੇ।



**ਹਮਜਾ ਗੌਂਸ, ਤਪਸਿਆ ਭੰਗ ਹੋ ਜਾਣ ਉਪ੍ਰੰਤ ਢੈਹ ਗਈ ਝੋਪੜੀ ਤੋਂ ਬਾਹਰ ਆਉਂਦੇ ਹੋਏ।**

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-140



ਬਾਬਾ ਦੀ ਬੇਰ
ਸਿਆਲਕੋਟ



ਗੁਰਦੁਆਰਾ ਸਾਹਿਬ, ਸਿਆਲਕੋਟ




**ਕਟੜਾ (ਜੰਮੂ):-** ਗੁਰੂ ਜੀ, ਮਰਦਾਨਾ ਜੀ, ਮੂਲ ਚੰਦ ਅਤੇ ਹੋਰ ਸੰਗਤ ਸਮੇਤ 80 ਕਿ.ਮੀ. ਚਲ ਕੇ **'ਅਖਨੂਰ'** ਅਤੇ ਹੋਰ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਕਟੜਾ ਪਹੁੰਚ ਗਏ। ਗੁਰੂ ਜੀ ਨੂੰ **ਵੈਸ਼ਨੂੰ ਦੇਵੀ** ਬਾਰੇ ਜਾਣਕਾਰੀ ਦਿੱਤੀ ਗਈ।


700 ਸਾਲ ਪਹਿਲਾਂ ਪੰਡਿਤ ਸ੍ਰੀਧਰ ਨੇ ਇੱਥੇ ਮੰਦਿਰ ਦੀ ਸਥਾਪਨਾ ਕੀਤੀ ਸੀ

ਭੈਰੋਂ ਨਾਥ ਭਗਵਾਨ ਵਿਸ਼ਨੂੰ ਦੇ ਭਗਤ ਸਨ ਅਤੇ ਉਹ ਇਕ ਗੁਫਾ ਵਿੱਚ ਸਿਮਰਨ ਕਰਿਆ ਕਰਦੇ ਸਨ। ਕਿਹਾ ਜਾਂਦਾ ਹੈ ਕਿ ਉਹ ਇਕ ਮਸ਼ਹੂਰ ਹਿੰਦੂ ਤਾਂਤਰਿਕ ਸਨ। ਉਸ ਨੇ ਇਕ ਖੇਤੀਬਾੜੀ ਮੇਲੇ ਵਿੱਚ ਨੌਜਵਾਨ ਵੈਸ਼ਨੋ ਦੇਵੀ ਨੂੰ ਦੇਖਿਆ ਅਤੇ ਉਸ ਦੇ ਪਿਆਰ ਵਿੱਚ ਪਾਗਲ ਹੋ ਗਿਆ। ਵੈਸ਼ਨੋ ਦੇਵੀ ਉਸ ਦੇ ਮਨਮੋਹਕ ਉੱਦਮ ਤੋਂ ਬਚਣ ਲਈ ਤ੍ਰਿਕੁਟਾ ਪਹਾੜੀਆਂ ਵਿੱਚ ਭੱਜ ਗਈ, ਬਾਅਦ ਵਿੱਚ ਉਸਨੇ ਮਹਾਂਕਾਲੀ ਦਾ ਰੂਪ ਧਾਰਨ ਕਰ ਲਿਆ ਅਤੇ ਇਕ ਗੁਫਾ ਵਿੱਚ ਬੈਠੇ ਭੈਰੋਂ ਨਾਥ ਦਾ ਸਿਰ ਆਪਣੀ ਤਲਵਾਰ ਨਾਲ ਵੱਢ ਦਿੱਤਾ।

ਗੁਰੂ ਜੀ ਨੇ ਕਿਹਾ, "ਹਰ ਇਸਤਰੀ ਨੂੰ ਉਸ **'ਵੈਸ਼ਨੂੰ ਮਾਤਾ'** ਵਾਂਗ ਹੀ ਦ੍ਰਿੜ ਤੇ ਬਲਵਾਨ ਹੋਣਾ ਚਾਹੀਦਾ ਹੈ। ਹਰ ਇਸਤਰੀ ਨੂੰ ਆਪਣੀ ਸੁਰੱਖਿਆ ਲਈ ਸਦਾ ਤੱਤਪਰ ਰਹਿਣਾ ਚਾਹੀਦਾ ਹੈ।

ਗੁਰੂ ਜੀ ਨੇ ਇਸ ਪ੍ਰਥਾਇ ਇਹ ਅਲਾਹੀ ਸ਼ਬਦ ਉਚਾਰਨ ਕੀਤਾ:-

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੇ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੭੬੫)

ਇਸ ਸ਼ਬਦ ਦੇ ਭਾਵ ਅਰਥ ਸੁਣ ਕੇ ਸਾਰੇ ਸਰੋਤਿਆਂ ਦੀ ਤਸੱਲੀ ਹੋ ਗਈ। ਗੁਰੂਦੇਵ ਜੀ ਨੂੰ ਕੁਝ ਦਿਨ ਉੱਥੇ ਰਹਿਣ ਲਈ ਬੇਨਤੀ ਕੀਤੀ।


ਗੁਰੂਦੇਵ ਜੀ ਬਹੁਤ ਦਿਨ ਉੱਥੇ ਠਹਿਰ ਕੇ ਸਭਨਾਂ ਨੂੰ ਇਕ ਪ੍ਰਮੇਸ਼ਰ ਨਾਲ ਜੋੜਨ ਉਪ੍ਰੰਤ ਜੰਮੂ ਵੱਲ ਨੂੰ ਚਲ ਪਏ।

ਨੋਟ: ਭਾਰਤ ਸਰਕਾਰ ਨੇ ਦਿੱਲੀ ਕਟੜਾ ਐਕਸਪ੍ਰੈਸ ਵੇ (Delhi- Katra Express way) ਵੀ ਬਣਾ ਦਿੱਤਾ ਹੈ ਤਾਂ ਜੋ ਸ਼ਰਧਾਲੂਆਂ ਨੂੰ ਮੁਸ਼ਕਲ ਨਾ ਆਏ।



ਮਾਤਾ ਵੈਸ਼ਨੂੰ ਦੇਵੀ ਮੰਦਿਰ (ਕਟੜਾ)

**ਜੰਮੂ (ਕਸ਼ਮੀਰ):-** ਗੁਰੂ ਜੀ, ਮਰਦਾਨਾ ਜੀ, ਮੂਲ ਚੰਦ ਅਤੇ ਹੋਰ ਸੰਗਤ ਸਮੇਤ 50 ਕਿ.ਮੀ. ਚਲ ਕੇ ਜੰਮੂ ਪਹੁੰਚੇ ਤਾ ਪਤਾ ਲੱਗਾ ਜੰਮੂ ਦੇ ਰਾਜਾ ਜਸਵੰਤ ਰਾਏ ਦੀ ਅਗਵਾਈ ਹੇਠ ਰਘੁਨਾਥ ਮੰਦਿਰ ਵਿੱਚ ਕੱਟੜ ਪੰਥੀਆਂ ਦਾ ਬੋਲ ਬਾਲਾ ਸੀ।



ਇਸ ਸਬੰਧ ਵਿੱਚ ਗੁਰੂ ਜੀ ਨੇ ਉੱਥੇ ਇਹ ਅਲਾਹੀ ਸ਼ਬਦ ਅਲਾਪਿਆ।

"ਦੁਬਿਧਾ ਦੁਰਮਤਿ ਅਧੁਲੀ ਕਾਰ ॥ਮਨਮੁਖਿ ਭਰਮੈ ਮਝਿ ਗੁਬਾਰ ॥੧ ॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥ਰਹਾਉ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ਪਸੂ ਭਏ ਅਭਿਮਾਨੁ ਨਾ ਜਾਇ ॥੨॥
ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੧੯੦)

ਸਮਾਪਤੀ ਉਪ੍ਰੰਤ ਗੁਰੂ ਜੀ ਨੇ ਕਿਹਾ, "ਦੁਬਿਧਾ ਵਿੱਚ ਜਿਉਂਣ ਨਾਲੋਂ ਦ੍ਰਿੜਤਾ ਨਾਲ ਬੇ-ਫਿਕਰੀ ਵਾਲਾ ਜੀਵਨ ਜੀਓ। ਅੰਧਵਿਸ਼ਵਾਸਾਂ ਵਿੱਚੋਂ ਨਿੱਕਲੋ। ਉਸ ਸਰਵ ਸ਼ਕਤੀਮਾਨ ਨਿਰੰਕਾਰ ਦੀ ਪੂਜਾ ਕਰੋ। ਜਿਸ ਨੇ ਤੁਹਾਡਾ ਆਪਣਾ ਇਕ ਸੁੰਦਰ ਮੂਰਤੀ ਰੂਪੀ ਅਸਲੀ ਸਰੀਰ ਘੜਿਆ ਹੈ।

ਇਹ ਵਿਚਾਰ **ਰਾਜਾ ਜਸਵੰਤ ਰਾਏ** ਨੇ ਸੁਣੇ ਤਾਂ ਬਹੁਤ ਪ੍ਰਭਾਵਤ ਹੋਇਆ ਅਤੇ ਸਭ ਨੇ ਗੁਰੂ ਜੀ ਦੇ ਸਿਧਾਂਤਾਂ ਅਨੁਸਾਰ ਜਿਉਂਣ ਦਾ ਪ੍ਰਣ ਕੀਤਾ। ਗੁਰੂ ਜੀ ਕਾਫੀ ਸਮਾਂ ਉੱਥੇ ਰੁਕ ਕੇ ਅਗਲੇ ਪੜਾ ਲਈ ਤੁਰ ਪਏ।



**ਗੁਰਦੁਆਰਾ ਸਾਹਿਬ, ਜੰਮੂ**

## ਪੱਖੋ ਕੇ ਰੰਧਾਵੇ (ਪੰਜਾਬ)

ਆਪਣੀ ਤੀਜੀ ਪ੍ਰਚਾਰ ਫੇਰੀ ਦੀ ਵਾਪਸੀ ਤੇ ਗੁਰੂ ਜੀ ਜੰਮੂ ਤੋਂ 80 ਕਿਲੋ ਮੀਟਰ ਚੱਲ ਕੇ ਰਸਤੇ ਵਿੱਚ ਬਹੁਤ ਸਾਰੇ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਪੱਖੋ ਕੇ ਰੰਧਾਵੇ, ਆਪਣੇ ਸੌਹਰੇ ਪਿੰਡ ਪਹੁੰਚ ਗਏ। ਉਨ੍ਹਾਂ ਦਾ ਪ੍ਰਵਾਰ ਵੀ ਇੱਥੇ ਆਇਆ ਹੋਇਆ ਸੀ। ਉਨ੍ਹਾਂ ਨੇ ਆਪਣੇ ਸੌਹਰਾ ਅੱਤੇ ਸੱਸ ਸਾਹਿਬਾ ਦੇ ਚਰਨ ਛੂਏ। ਇਤਨੇ ਵਿੱਚ ਉਨਾਂ ਦੀ ਧਰਮ ਪਤਨੀ ਮਾਤਾ ਸੁਲਖਣੀ ਜੀ, ਦੋਵੇਂ ਪੁੱਤਰ ਅਤੇ ਉਨ੍ਹਾਂ ਦੀ ਨੂੰਹ ਰਾਣੀ ਨੇ ਆ ਕੇ ਗੁਰੂ ਜੀ ਦੇ ਚਰਨ ਸ਼ਪ੍ਰਸ਼ ਕੀਤੇ। ਪਿੰਡ ਦੇ ਸਾਰੇ ਲੋਕ ਅਤੇ ਚੌਧਰੀ ਅਜਿੱਤਾ ਰਧਾਵਾ ਜੀ ਵੀ ਉਨ੍ਹਾਂ ਨੂੰ ਆ ਕੇ ਪਿਆਰ ਸਹਿਤ ਮਿਲੇ ਅਤੇ ਹਾਲ ਚਾਲ ਪੁਛਿਆ।

## ਸੁਲਤਾਨਪੁਰ ਲੋਧੀ

ਬੇਬੇ ਨਾਨਕੀ ਜੀ ਦਾ ਸਰੀਰ ਢਿੱਲਾ ਹੋਣ ਕਾਰਨ, ਉਨ੍ਹਾਂ ਨੇ ਗੁਰੂ ਜੀ ਨੂੰ ਬੁਲਾ ਭੇਜਿਆ। ਗੁਰੂ ਜੀ ਪ੍ਰੀਵਾਰ ਸਮੇਤ, ਤਲਵੰਡੀ ਤੋਂ ਉਨ੍ਹਾਂ ਦੇ ਮਾਤਾ ਪਿਤਾ ਜੀ, ਬਾਬਾ ਮੂਲ ਚੰਦ ਅਤੇ ਮਰਦਾਨਾ ਜੀ ਸੁਲਤਾਨ ਪੁਰ ਪਹੁੰਚ ਗਏ। ਬੇਬੇ ਨਾਨਕੀ ਜੀ ਆਖਰੀ ਸਾਹਾਂ ਤੇ ਸਨ। ਸਭਨਾਂ ਦੇ ਉੱਥੇ ਪਹੁੰਚਣ ਤੋਂ ਦੂਜੇ ਦਿਨ ਬੇਬੇ ਜੀ ਨੇ ਸਰੀਰ ਤਿਆਗ ਦਿੱਤਾ। ਉਨ੍ਹਾਂ ਦੀ ਆਖਰੀ ਇੱਛਾ ਅਨੁਸਾਰ ਉਨ੍ਹਾਂ ਦਾ ਅੰਤਮ ਸੰਸਕਾਰ ਗੁਰੂ ਜੀ ਨੇ ਆਪਣੇ ਹੱਥੀਂ ਕੀਤਾ।

ਬੇਬੇ ਨਾਨਕੀ ਜੀ ਦੇ ਅਕਾਲ ਚਲਾਣਾ ਕਰਨ ਤੋਂ ਦੋ ਦਿਨ ਬਾਅਦ ਵਿਛੋੜਾ ਨਾ ਸਹਾਰਦੇ ਹੋਏ ਭਾਈਆ ਜੈ ਰਾਮ ਜੀ ਵੀ ਪ੍ਰਲੋਕ ਸਿਧਾਰ ਗਏ। ਸੋ ਸਾਰੇ ਪ੍ਰੀਵਾਰ ਨੇ ਉਨ੍ਹਾਂ ਦੀਆਂ ਵੀ ਆਖਰੀ ਰਸਮਾਂ ਸੰਪੰਨ ਕੀਤੀਆਂ। ਉਨ੍ਹਾਂ ਦੋਹਾਂ ਜੀਆਂ ਦੇ ਫੁੱਲ (ਅਸਤ) ਬੇਈਂ ਨਦੀ ਵਿੱਚ ਜਲ ਪ੍ਰਵਾਹ ਕਰ ਦਿਤੇ ਗਏ।

ਉਪ੍ਰੰਤ ਕੁਝ ਦਿਨ ਸੁਲਤਾਨਪੁਰ ਰਹਿ ਕੇ ਸਾਰਾ ਪ੍ਰੀਵਾਰ ਅਤੇ ਸੰਗੀ ਸਾਥੀ ਆਪਣੇ ਪਿੰਡ ਰਾਏ ਭੋਏ ਦੀ ਤਲਵੰਡੀ ਆ ਗਏ।

## ਤਲਵੰਡੀ ਆਉਣਾ


ਤਲਵੰਡੀ ਪਹੁੰਚਣ ਤੇ ਸਾਰੇ ਲੋਕਾਂ ਨੇ ਬੇਬੇ ਨਾਨਕੀ ਜੀ ਅਤੇ ਭਾਈਆ ਜੈ ਰਾਮ ਜੀ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕੀਤਾ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਮਨੁੱਖ ਨੂੰ ਪ੍ਰਭੂ ਦੇ ਹੁਕਮ ਵਿੱਚ ਅਤੇ ਉਸ ਦੇ ਕੰਮਾਂ ਵਿੱਚ ਸੰਤੁਸ਼ਟ ਰਹਿਣਾ ਚਾਹੀਦਾ ਹੈ। ਗੁਰੂ ਜੀ ਦਾ ਸ਼ਰਧਾਲੂ **ਮੂਲਾ ਖ਼ਤਰੀ** ਜੋ ਕਿ ਸਿਆਲਕੋਟ ਤੋਂ ਹੀ ਉਨ੍ਹਾਂ ਦੇ ਨਾਲ ਚੱਲਿਆ ਆ ਰਿਹਾ ਸੀ। ਉਸ ਨੇ ਵਾਪਸ ਸਿਆਲਕੋਟ ਜਾਣ ਲਈ ਛੁੱਟੀ ਮੰਗੀ ਤਾਂ ਗੁਰੂ ਜੀ ਨੇ ਉਸ ਨੂੰ ਕੁਝ ਵਸਤਾਂ ਉੱਪਹਾਰ ਵਜੋਂ ਦੇ ਕੇ ਵਿਦਾ ਕੀਤਾ।

ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਤੀਜੀ ਪ੍ਰਚਾਰ ਫੇਰੀ ਤੋਂ ਪਰਤ ਕੇ ਕੁਝ ਸਮਾਂ ਆਪਣੇ ਪ੍ਰੀਵਾਰ ਨਾਲ ਬਤੀਤ ਕੀਤਾ।



ਇਹ ਅਲੌਕਿੱਕ
ਫੁੱਲ ਸ੍ਰੀ ਹੇਮ ਕੁੰਢ ਸਾਹਿਬ ਦੀ
ਪਵਿੱਤਰ ਘਾਟੀ
ਦੇ ਹਨ





Guru Ji Walking in Ladhakh Region